**International Journal of Advanced Research in Humanities and Social Sciences**
**Number 1, Vol. 1April-June 2025**
**ISSN: 3107-7579**

International Journal of Advanced Research in Humanities and Social Sciences
An International open-access peer-reviewed Quarterly journal
journal homepage: www.ijarhss.in

# ਰੰਗ ਬਿਰੰਗੇ ਫੁੱਲਾਂ ਦੀ ਕਿਆਰੀ : ਅੱਖਰਾਂ ਦੀ ਫੁੱਲਕਾਰੀ

**ਦੇਵਿੰਦਰ ਬੀਬੀਪੁਰੀਆ**

**KEYWORDS**

ਗੁਰਦਰ ਪਾਲ, ਅਖਰਾਂ ਦੀ ਫੁੱਲਕਾਰੀ, ਪੰਜਾਬੀ ਬਾਲ ਕਵਿਤਾ, ਸਾਹਿਤਕ ਆਲੋਚਨਾ, ਨੈਤਿਕ ਕਦਰਾਂ-ਕੀਮਤਾਂ, ਹਰਿਆਣਾ ਵਿੱਚ ਪੰਜਾਬੀ ਸਾਹਿਤ,

**ABSTRACT**

ਇਹ ਖੋਜ-ਪੱਤਰ, ਜੋ ਦੇਵਿੰਦਰ ਬੀਬੀਪੁਰੀਆ ਦੁਆਰਾ ਲਿਖਿਆ ਗਿਆ ਹੈ, ਹਰਿਆਣਾ ਦੇ ਪ੍ਰਮੁੱਖ ਪੰਜਾਬੀ ਬਾਲ-ਕਵੀ ਗੁਰਦਰ ਪਾਲ ਦੇ ਕਾਵਿ-ਸੰਗ੍ਰਹਿ 'ਅੱਖਰਾਂ ਦੀ ਫੁੱਲਕਾਰੀ' ਦਾ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਇਹ ਲੇਖ ਪੁਸਤਕ ਵਿੱਚ ਸ਼ਾਮਲ ਵਿਭਿੰਨ ਵਿਸ਼ਿਆਂ ਜਿਵੇਂ ਕਿ ਦੇਸ਼ ਭਗਤੀ, ਏਕਤਾ, ਨੈਤਿਕ ਕਦਰਾਂ-ਕੀਮਤਾਂ, ਮਾਂ-ਬੋਲੀ ਲਈ ਪਿਆਰ, ਅਤੇ ਸਿੱਖਿਆ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ। ਲੇਖਕ ਗੁਰਦਰ ਪਾਲ ਦੀ ਬੱਚਿਆਂ ਵਿੱਚ ਅਗਾਂਹਵਧੂ ਸੋਚ ਅਤੇ ਚੰਗੇ ਸੰਸਕਾਰ ਪੈਦਾ ਕਰਨ ਦੀ ਯੋਗਤਾ ਦੀ ਸ਼ਲਾਘਾ ਕਰਦਾ ਹੈ। ਇਸ ਦੇ ਨਾਲ ਹੀ, ਲੇਖ ਵਿੱਚ ਕਵਿਤਾਵਾਂ ਦੀ ਰਵਾਨਗੀ ਵਿੱਚ ਕਿਤੇ-ਕਿਤੇ ਆਈ ਕਮੀ ਅਤੇ ਬਾਲ-ਕਾਵਿ ਵਿੱਚ ਖੁੱਲ੍ਹੀ ਕਵਿਤਾ ਵਰਗੇ ਨਵੇਂ ਪ੍ਰਯੋਗ 'ਤੇ ਵੀ ਟਿੱਪਣੀ ਕੀਤੀ ਗਈ ਹੈ। ਸਮੁੱਚੇ ਤੌਰ 'ਤੇ, ਇਹ ਲੇਖ 'ਅੱਖਰਾਂ ਦੀ ਫੁੱਲਕਾਰੀ' ਨੂੰ ਪੰਜਾਬੀ ਬਾਲ ਸਾਹਿਤ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਮੰਨਦਾ ਹੈ, ਜਿਸਦੀ ਤੁਲਨਾ "ਰੰਗ ਬਿਰੰਗੇ ਫੁੱਲਾਂ ਦੀ ਕਿਆਰੀ" ਨਾਲ ਕੀਤੀ ਗਈ ਹੈ, ਅਤੇ ਕਵੀ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹੈ।

ਗੁਰਦਰ ਪਾਲ ਦਾ ਨਾਮ ਹਰਿਆਣਾ ਵਿਚ ਪੰਜਾਬੀ ਬਾਲ ਕਵਿਤਾ ਦੇ ਮੁੱਖ ਕਵੀਆਂ ਵਿਚ ਆਉਂਦਾ ਹੈ। ਉਹ ਹਰਿਆਣਾ ਪੰਜਾਬ ਦੇ ਬਾਡਰ ਉੱਤੇ ਪੈਂਦੇ ਨਨਿਓਲਾ ਪਿੰਡ ਦਾ ਜੰਮਪਲ ਹੈ। ਉਸ ਦਾ ਬਚਪਨ ਪਿੰਡ ਦੀਆਂ ਗਲ਼ੀਆਂ ਵਿਚ ਪੋਂਡੂ ਖੇਡਾਂ ਖੇਡਦਿਆਂ ਗੁਜ਼ਰਿਆ ਹੈ। ਉਸ ਨੇ ਪਿੰਡ ਦੀ ਮੁਸ਼ਕਿਲ ਜ਼ਿੰਦਗੀ ਨੂੰ ਆਪਣੇ ਪਿੰਡੇ ਤੇ ਹੰਡਾਇਆ ਹੈ। ਸਾਇਦ ਇਨ੍ਹਾਂ ਖੇਡਾਂ ਅਤੇ ਬਚਪਨ ਦੇ ਤਜ਼ੁਰਬਿਆਂ ਦੇ ਆਧਾਰ ਤੇ ਹੀ ਉਹ ਹਰਿਆਣਾ ਦੀ ਪੰਜਾਬੀ ਬਾਲ ਕਵਿਤਾ ਵਿਚ ਆਪਣੀ ਵੱਖਰੀ ਪਛਾਣ ਸਥਾਪਿਤ ਕਰਨ ਵਿਚ ਸਫਲ ਹੋਇਆ ਹੈ। ਅੱਜ ਓਹ ਇਕ ਬਹੁਪ੍ਰਤਿਭਾਸ਼ਾਲੀ ਸਾਹਿਤਕਾਰ ਵੱਜੋਂ ਜਾਣਿਆ ਅਤੇ ਪਛਾਣਿਆ ਜਾਂਦਾ ਹੈ। ਉਹ ਹੁਣ ਤਕ ਕਈ ਕਿਤਾਬਾਂ ਮਾਂ ਬੋਲੀ ਨੂੰ ਅਰਪਿਤ ਕਰ ਚੁੱਕਿਆ ਹੈ। ਇਨ੍ਹਾਂ ਵਿਚੋਂ 'ਅੱਖਰਾਂ ਦੀ ਫੁੱਲਕਾਰੀ' ਅਤੇ 'ਘਰ ਦਾ ਚਾਨਣ' ਦੋ ਕਿਤਾਬਾਂ ਬਾਲ ਕਵਿਤਾਵਾਂ ਦੀਆਂ ਹਨ। ਗੁਰਦਰ ਪਾਲ ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਤੱਥ ਵਿਚ ਹੈ ਕਿ ਉਸਦੀ ਬਾਲ ਕਾਵਿ ਪੁਸਤਕ 'ਅੱਖਰਾਂ ਦੀ ਫੁੱਲਕਾਰੀ' ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵਲੋਂ ਪੁਰਸਕਾਰ ਵੀ ਮਿਲ ਚੁੱਕਿਆ ਹੈ।

ਅੱਖਰਾਂ ਦੀ ਫੁੱਲਕਾਰੀ ਵਿਚ ਕੁਲ ਪੈਂਤੀ ਕਵਿਤਾਵਾਂ ਹਨ। ਇਹ ਸਾਰੀਆਂ ਕਵਿਤਾਵਾਂ ਵੱਖਰੇ ਵੱਖਰੇ ਅੰਦਾਜ਼ ਵਾਲੀਆਂ ਹਨ। ਇਸ ਪੁਸਤਕ ਵਿਚ ਦੇਸ਼ ਭਗਤੀ, ਏਕੇ ਦੀ ਭਾਵਨਾ, ਜਾਤੀਵਾਦ ਦਾ ਵਿਖੰਡਨ, ਪੰਜਾਬੀ ਬੋਲੀ ਲਈ ਪਿਆਰ, ਅਗਾਹ ਵਧੂ ਵਿਚਾਰਧਾਰਾ, ਸਿੱਖਿਆ ਸੰਦੇਸ਼, ਰਿਸ਼ਤਿਆਂ ਪ੍ਰਤੀ ਪਿਆਰ, ਨੈਤਿਕ ਕਦਰਾਂ ਕੀਮਤਾਂ, ਚੰਗੀ ਜੀਵਨ ਜਾਂਚ ਸਿਖਾਉਣਾ, ਗਿਆਨ ਅਤੇ ਵਿਗਿਆਨ ਦੀਆਂ ਗੱਲਾਂ, ਤਿੱਥਾਂ ਤਿਓਹਾਰਾਂ ਭਰਿਆ ਵਿਰਸਾ ਅਤੇ ਕੰਪਿਊਟਰ ਵਰਗੇ ਵਿਗਿਆਨਕ ਵਿਸ਼ਿਆਂ ਨੂੰ ਬੜੀ ਸ਼ਿੱਦਤ ਨਾਲ ਪਿਰੋਇਆ ਗਿਆ ਹੈ।

ਅੱਖਰਾਂ ਦੀ ਫੁੱਲਕਾਰੀ ਨੂੰ ਖੋਲ੍ਹਦਿਆਂ ਹੀ ਦੇਸ਼ ਭਗਤੀ ਦੀ ਮਹਿਕ ਚਾਰੇ ਪਾਸੇ ਖਿਲਰ ਜਾਂਦੀ ਹੈ। ਪੁਸਤਕ ਦੀ ਪਹਿਲੀ ਕਵਿਤਾ ਹੀ ਦੇਸ਼ ਭਗਤੀ ਦੇ ਰੰਗ ਨਾਲ ਰੰਗੀ ਹੋਈ ਹੈ। ਬੱਚਿਆਂ ਵਿਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨਾ ਹਰ ਸਾਹਿਤਕਾਰ ਦੀ ਜ਼ਿੰਮੇਦਾਰੀ ਹੁੰਦੀ ਹੈ। ਹਰ ਦੇਸ਼ ਵਿਚ ਬੱਚਿਆਂ ਨੂੰ ਦੇਸ਼ ਭਗਤੀ ਦੀ ਗੁੜਤੀ ਬਾਲ ਸਾਹਿਤ ਰਾਹੀਂ ਹੀ ਪਿੱਲਾਈ ਜਾਂਦੀ ਹੈ। ਗੁਰਦਰ ਪਾਲ ਇਸ ਪੱਖੋਂ ਬਹੁਤ ਚੇਤੰਨ ਕਵੀ ਹੈ। ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਬੱਚਿਆਂ ਦੇ ਜ਼ਿਹਨ ਦੀ ਜ਼ਮੀਨ ਤੇ ਕਿਸ ਤਰ੍ਹਾਂ ਦੇਸ਼ ਭਗਤੀ ਦੇ ਬੂਟੇ ਬਿੱਜਣੇ ਹਨ। ਇਸ ਲਈ ਉਹ ਆਪਣੀ ਪੁਸਤਕ ਦੀ ਪਹਿਲੀ ਕਵਿਤਾ ਵਿਚ ਹੀ ਦੇਸ਼ ਭਗਤੀ ਦੀ ਗੱਲ ਕਰਦਾ ਨਜ਼ਰ ਆਉਂਦਾ ਹੈ। ਜਿਸਦਾ ਨਮੂਨਾ ਹਾਜ਼ਰ ਹੈ।

ਇਕ ਨੂਰ ਤੋਂ ਅਸੀਂ ਜਨਮੇ ਸਾਰੇ

ਏਕਤਾ ਸਾਡਾ ਨਾਅਰਾ ਹੈ
ਸਾਰੇ ਬੱਚੇ ਰੱਲ ਕੇ ਬੋਲੋ
ਹਿੰਦੂਸਤਾਨ ਪਿਆਰਾ ਹੈ।1
**************
ਉੱਚਾ ਰਹੇ ਤਿਰੰਗਾ ਸਾਡਾ
ਇਸ ਦੀ ਸ਼ਾਨ ਵਧਾਵਾਂਗੇ
ਝੁਕਣ ਨਹੀਂ ਦੇਣਾ ਕਦੇ ਵੀ ਇਸ ਨੂੰ
ਉੱਚਾ ਹੋਰ ਉਠਾਵਾਂਗੇ।2

ਗੁਰਦਰ ਪਾਲ ਦੇਸ਼ ਭਗਤੀ ਦੇ ਨਾਲ ਨਾਲ ਬੱਚਿਆ ਨੂੰ ਏਕੇ ਦਾ ਸੰਦੇਸ਼ ਵੀ ਦਿੰਦਾ ਹੈ। ਉਹ ਸਾਰੀ ਸ੍ਰਿਸ਼ਟੀ ਨੂੰ ਏਕੇ ਦੀ ਤਾਰ ਵਿਚ ਪਿਰੋਈ ਮਾਲਾ ਦੀ ਤਰ੍ਹਾਂ ਪੇਸ਼ ਕਰਦਾ ਹੈ। ਉਹ ਸਾਰੇ ਧਰਮਾਂ ਨੂੰ ਇਕ ਮੰਨਦਾ ਹੋਇਆ ਲਿੱਖਦਾ ਹੈ

ਇਕ ਅੰਬਰ ਹੈ, ਇਕ ਹੈ ਧਰਤੀ
ਸਾਂਝੀ ਸੇਵਾ, ਸਾਂਝੀ ਭਗਤੀ
ਸਾਰੇ ਧਰਮ ਨੇ ਸਾਂਝੇ ਇੱਥੇ
ਚਾਹੇ ਮੰਦਰ, ਮਸਜਿਦ, ਗੁਰੂਦਆਰਾ ਹੈ।3
ਇਸ ਕਵਿਤਾ ਵਿਚ ਕਵੀ ਜਾਤ ਪਾਤ ਦਾ ਵਿਖੰਡਨ ਵੀ ਕਰਦਾ ਹੈ ਅਤੇ ਸਾਂਝੇ ਤਿਓਹਾਰਾਂ ਅਤੇ ਭਾਈਚਾਰੇ ਦੀ ਗੱਲ ਵੀ ਕਰਦਾ ਹੈ। ਮਤਲਬ ਕਵੀ ਛੋਟੇ ਖੰਬਾਂ ਨਾਲ ਉੱਚੀ ਉਡਾਰੀ ਭਰਨ ਵਿੱਚ ਵੀ ਸਮਰੱਥ ਹੈ। ਜਿਵੇਂ
ਜਾਤ ਪਾਤ ਦਾ ਭੇਦ ਨਾ ਦਿਸਦਾ
ਸਭ ਦੇ ਨਾਲ ਹੈ ਇਕੋ ਰਿਸ਼ਤਾ
ਸਾਂਝੇ ਤਿੱਥ ਤਿਉਹਾਰ ਨੇ ਸਾਡੇ
ਇਕੋ ਭਾਈਚਾਰਾ ਹੈ
ਸਾਰੇ ਬੱਚੇ ਰਲ ਕੇ ……4

ਇਸ ਵੇਲੇ ਪੰਜਾਬੀਆਂ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਤੋਂ ਦੂਰ ਹੁੰਦੇ ਜਾ ਰਹੇ ਹਨ। ਉਨ੍ਹਾਂ ਦੇ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹ ਰਹੇ ਹਨ। ਜਿਸ ਕਰਕੇ ਉਨ੍ਹਾਂ ਦਾ ਮਾਂ ਬੋਲੀ ਤੋਂ ਦੂਰ ਹੋਣਾ ਸੁਭਾਵਿਕ ਹੀ ਹੈ। ਇਸ ਵੇਲੇ ਪੰਜਾਬੀ ਨੂੰ ਬਚਾਉਣ ਦਾ ਸਵਾਲ ਵਿਸ਼ਵ ਪੱਧਰ ਤੇ ਸਰਗਰਮ ਹੈ। ਲੇਖਕ ਇਸ ਮੁੱਦੇ ਨੂੰ ਲੈ ਕੇ ਜਾਗਰੁਕ ਨਜ਼ਰ ਆਉਂਦਾ ਹੈ। ਇਸ ਕਰਕੇ ਉਹ ਆਪਣੀ ਪੁਸਤਕ ਵਿੱਚ 'ਪੰਜਾਬੀ ਬੋਲੀ' ਕਵਿਤਾ ਦੇ ਰਾਹੀਂ ਬੱਚਿਆਂ ਵਿਚ ਮਾਂ ਬੋਲੀ ਪੰਜਾਬੀ ਪ੍ਰਤੀ ਪਿਆਰ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਬੱਚਿਆਂ ਨੂੰ ਪੰਜਾਬੀ ਬੋਲੀ ਦੇ ਗੁਣ ਦਸਦਿਆਂ ਲਿਖਦਾ ਹੈ

ਪੰਜਾਬੀ ਬੋਲੀ ਬੜੀ ਮਹਾਨ
ਮਿੱਠੀ, ਮਿਸ਼ਰੀ ਗੁਣਾਂ ਦੀ ਖਾਨ
ਗਿੱਧੇ, ਬੋਲੀਆਂ ਵਿੱਚ ਇਹ ਵੱਸਦੀ
ਭੰਗੜੇ ਦੀਆਂ ਤਾਨਾ ਤੇ ਨੱਚਦੀ
ਮਾਂ ਦੀ ਮਿੱਠੀ ਲੋਰੀ ਵਿਚੋਂ
ਨਿਕਲੀ ਰਸ ਦੀ ਖਾਨ
ਪੰਜਾਬੀ ਬੋਲੀ………5

ਅੱਜ ਨਵੀਂ ਪਨੀਰੀ ਵਿਚੋਂ ਇਕ ਹੋਰ ਚੀਜ਼ ਬੜੀ ਤੇਜ਼ੀ ਨਾਲ ਅਲੋਪ ਹੁੰਦੀ ਜਾ ਰਹੀ ਹੈ। ਇਸ ਮਸ਼ੀਨੀ ਯੁਗ ਵਿਚ ਬੱਚੇ ਇਕ ਦੂਜੇ ਤੋਂ ਅੱਗੇ ਨਿਕਲਣ ਦੇ ਚੱਕਰ ਵਿਚ ਨੈਤਿਕ ਕਦਰਾਂ ਕੀਮਤਾਂ ਤੋਂ ਦੂਰ ਹੁੰਦੇ ਜਾ ਰਹੇ ਹਨ, ਜਿਸਦਾ ਅਹਿਸਾਸ ਸਾਨੂੰ ਭਵਿੱਖ ਵਿੱਚ ਬੜੇ ਦੁੱਖਦਾਈ ਢੰਗ ਨਾਲ ਹੋਣ ਦੀ ਸੰਭਾਵਨਾ ਹੈ। ਗੁਰਦਰ ਪਾਲ ਇਸ ਗੱਲੋਂ ਬੜਾ ਸੁਚੇਤ ਹੈ। ਜੇ ਅਸੀਂ ਉਸਦੀ ਸੰਪੂਰਨ ਬਾਲ ਕਵਿਤਾ ਨੂੰ ਦੇਖੀਏ ਤਾਂ ਸਾਨੂੰ ਉਸਦੀ ਕਵਿਤਾ ਵਿਚ ਸਭ ਤੋਂ ਵਧੇਰੇ ਨੈਤਿਕ ਕਦਰਾਂ ਕੀਮਤਾਂ ਦੀ ਤਰਜ਼ਮਾਨੀ ਨਜ਼ਰ ਆਵੇਗੀ। ਸਾਰੀ ਪੁਸਤਕ ਵਿੱਚ ਇਸ ਦੇ ਵੱਖ ਵੱਖ ਨਮੂਨੇ ਦੇਖਣ ਨੂੰ ਮਿਲਦੇ ਹਨ।

ਆਓ ਕੀਰਤ, ਆਓ ਸੋਨੂ
ਸਭ ਦੇ ਨਾਲ ਪਿਆਰ ਕਰੋ
ਨੱਚੋ ਗਾਓ, ਮੌਜ ਮਨਾਓ
ਖੁਸ਼ੀਆਂ ਦਾ ਵਿਹਾਰ ਕਰੋ 6
************

ਪੜ੍ਹਨਾ ਤੁਸੀਂ ਦਿਲ ਲਗਾ ਕੇ
ਕਰਨਾ ਤੁਸੀਂ ਨਕਲਾਂ ਨਾ
ਨਕਲਾਂ ਕਰ ਕੇ ਤਾਂ ਬੱਚਿਉਂ
ਰਹਿੰਦਿਆਂ ਅਕਲਾਂ ਨਾ
ਕਰੋ ਕੰਮ ਸਿਆਣਪ ਵਾਲੇ
ਮਾਨ ਜਿਹਦੇ ਨਾਲ ਵੱਧਦਾ ਏ
ਚੰਗੇ ਆਚਰਣ ਵਾਲਾ ਬੰਦਾ
ਸਦਾ ਹੀ ਜੱਗ ਵਿੱਚ ਜੱਚਦਾ ਏ
ਸਿਰਤ ਨਾਲੋਂ ਵੱਧ ਸੋਹਣਿਆ
ਹੋਵਣ ਕਦੇ ਵੀ ਸ਼ਕਲਾਂ ਨਾ 7
***************
ਮਿੱਟੀ ਬੋਲੀ ਜੀਵਨ ਦੀ ਪੂੰਜੀ
ਬੋਲਣਾ ਉਮਰਾਂ ਸਾਰੀ
ਮਿੱਠੀ ਬੋਲੀ ਹੁੰਦੀ ਬੱਚਿਉ
ਸਭ ਨੂੰ ਬੜੀ ਪਿਆਰੀ 8

ਗੁਰਦਰ ਪਾਲ ਬੱਚਿਆਂ ਨੂੰ ਆਪਣੇ ਸਭਿਆਚਾਰ ਬਾਰੇ ਵੀ ਸੁਚੇਤ ਕਰਦਾ ਹੈ। ਉਹ ਕਵਿਤਾ ਵਿਚ ਥਾਂ ਥਾਂ 'ਤੇ ਸਭਿਆਚਾਰ ਦੀਆਂ ਗੱਲਾਂ ਕਰਦਾ ਹੈ। ਉਹ ਬੱਚਿਆਂ ਨੂੰ ਆਪਣੀ ਸੰਸਕ੍ਰਿਤੀ ਤੋਂ ਜਾਣੂ ਕਰਾਉਂਦਾ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਉਹ ਤਿੱਥਾਂ ਤਿਓਹਾਰਾਂ ਉੱਤੇ ਕਵਿਤਾਵਾਂ ਲਿਖਦਾ ਹੈ ਤੇ ਬੱਚਿਆਂ ਨੂੰ ਇਸ ਢੰਗ ਨਾਲ ਪਰੋਸਦਾ ਹੈ ਕਿ ਬੱਚਿਆਂ ਦੇ ਦਿਲਾਂ ਵਿਚ ਆਪਣੇ ਵਿਰਸੇ ਅਤੇ ਤਿਓਹਾਰਾਂ ਪ੍ਰਤੀ ਪਿਆਰ ਪੈਦਾ ਹੋਵੇ। ਇਸ ਤਰ੍ਹਾਂ ਦੀਆਂ ਕਈ ਕਵਿਤਾਵਾਂ ਉਸਦੀ ਪੁਸਤਕ ਵਿਚ ਦੇਖੀਆਂ ਜਾ ਸਕਦੀਆਂ  ਹਨ। ਜਿਵੇਂ

ਹੋਲੀ ਸਾਡਾ ਪਵਿੱਤਰ ਤਿਓਹਾਰ
ਚੰਗੇ ਸਿੱਖਣੇ ਅਸੀਂ ਸੰਸਕਾਰ
ਮੈਨੂੰ ਪਾਪਾ ਪਿਚਕਾਰੀ ਦਵਾਈ
ਸਾਰੇ ਬੱਚਿਆ ਖੁਸ਼ੀ ਮਨਾਈ 9
*****************
ਦਿਵਾਲੀ ਆਈ, ਦਿਵਾਲੀ ਆਈ
ਢੇਰ ਖੁਸ਼ੀਆਂ ਸਭ ਲਈ ਲਿਆਈ 10

ਜੋ ਗੱਲ ਗੁਰਦਰ ਪਾਲ ਦੀ ਕਵਿਤਾ ਦੀ ਵੱਖਰੀ ਪਛਾਣ ਬਣਦੀ ਹੈ ਉਹ ਇਹ ਹੈ ਕਿ ਭਾਵੇਂ ਉਹ ਵਿਰਸੇ ਦੀ ਗੱਲ ਕਰੇ ਤੇ ਭਾਵੇਂ ਤਿਓਹਾਰਾਂ ਦੀ ਹਮੇਸ਼ਾ ਉਸਦੀ ਕਵਿਤਾ ਦੇ ਪਿਛੋਕੜ ਵਿਚ ਨੈਤਿਕ ਕਦਰਾਂ ਕੀਮਤਾਂ ਜ਼ਰੂਰ ਪਈਆਂ ਹੁੰਦੀਆਂ ਹਨ। ਉਹ ਤਿਉਹਾਰਾਂ ਦੀ ਗੱਲ ਕਰਦਾ ਹੋਇਆ ਵੀ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਅਤੇ ਆਦਰਸ਼ਵਾਦੀ ਵਿਚਾਰਧਾਰਾ ਦਾ ਪਾਠ ਪੜ੍ਹਾ ਰਿਹਾ ਹੁੰਦਾ ਹੈ। ਇਸ ਨੂੰ ਅਸੀਂ ਉਸਦੀ ਬਾਲ ਕਵਿਤਾ ਦੀ ਸਭ ਤੋਂ ਵੱਡੀ ਪ੍ਰਾਪਤੀ ਕਹਿ ਸਕਦੇ ਹਾਂ।
ਕਵੀ ਦੀ ਇਕ ਹੋਰ ਪ੍ਰਾਪਤੀ ਇਸ ਤੱਥ ਵਿਚ ਵੀ ਹੈ ਕਿ ਉਹ ਬੱਚਿਆਂ ਵਿਚ ਅਗਾਂਹਵਧੂ ਵਿਚਾਰਧਾਰਾ ਵੀ ਪੈਦਾ ਕਰਦਾ ਹੈ। ਇਹ ਬਾਲ ਸਾਹਿਤ ਦਾ ਸਭ ਤੋਂ ਜ਼ਰੂਰੀ ਅੰਗ ਹੁੰਦਾ ਹੈ। ਬੱਚਿਆਂ ਵਿੱਚੋਂ ਘਸੇ ਪਿਟੇ ਦਕੀਆਨੂਸੀ ਅਤੇ ਪੁਰਾਣੇ ਵਿਚਾਰਾਂ ਨੂੰ ਕੱਢ ਕੇ ਨਵੀਨ ਅਤੇ ਅਗਾਂਹਵਦਧੂ ਵਿਚਾਰ ਪੈਦਾ ਕਰਨਾ ਵੀ ਇਕ ਬਾਲ ਸਾਹਿਤਕਾਰ ਦੀ ਸਭ ਤੋਂ ਅਹਿਮ ਜ਼ਿੰਮੇਦਾਰੀ ਹੁੰਦੀ ਹੈ। ਇਹ ਬਿਲਕੁਲ ਸਹੀ ਹੈ ਕਿ ਕਿਸੇ ਵੀ ਦੇਸ਼ ਦਾ ਭਵਿੱਖ ਉਸ ਦੇਸ਼ ਦੇ ਬੱਚਿਆਂ ਦੇ ਹੱਥਾਂ ਵਿੱਚ ਹੂੰਦਾ ਹੈ। ਇਸ ਲਈ ਬੱਚਿਆਂ ਵਿਚ ਨਵੀਨ ਅਤੇ ਅਗਾਂਹਵਧੂ  ਸੋਚ ਪੈਦਾ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਪੱਖੋਂ ਗੁਰਦਰ ਪਾਲ ਦੀ ਕਵਿਤਾ ਸਲਾਘਾਯੋਗ ਹੈ। ਉਹ ਮੌਕਾ ਮਿਲਦੇ ਹੀ ਕਵਿਤਾ ਵਿਚ ਇਸ ਤਰ੍ਹਾਂ ਦੇ ਵਿਚਾਰ ਬਨ੍ਹ ਦਿੰਦਾ ਹੈ ਜਿਸ ਨਾਲ ਬੱਚਿਆਂ ਨੂੰ ਮਾਨਸਿਕ ਸ਼ਕਤੀ ਮਿਲਦੀ ਹੈ ਅਤੇ ਉਨ੍ਹਾਂ ਦੀ ਸੋਚ ਨਵੀਨ ਅਤੇ ਅਗਾਂਹਵਧੂ ਹੁੰਦੀ ਹੈ। ਜਿਵੇਂ

ਉੱਠੋ ਕਦਮ ਵਧਾਓ
ਕੁਝ ਕਰ ਵਿਖਾਓ
ਤੁਹਾਡੀਆਂ ਬਾਹਵਾਂ
ਤੁਹਾਡੀ ਹੈ ਆਪਣੀ ਸ਼ਕਤੀ
ਕੰਮ ਕਰਨਾ ਹੀ
ਜੀਵਨ ਦੀ ਹੈ ਸੱਚੀ ਭਗਤੀ 11
*****************

ਉੱਦਮ ਦਾ ਪੱਲਾ ਫੜ ਅੱਗੇ ਅੱਗੇ ਵੱਧਣਾ ਤੁਸੀਂ
ਮਜ਼ਿੰਲ ਤੇ ਪੁੱਜਣ ਦੀ ਆਸ ਸਦਾ ਰੱਖਣਾ ਤੁਸੀਂ
ਬੰਦਾ ਤਾਂ ਉਹੀਓ ਜੋ ਕਦੇ ਹਿੰਮਤ ਨਾ ਹਾਰੇ।
ਖਿੜਾ ਕੇ ਫੁੱਲ……………………..12

ਬਾਲ ਕਵਿਤਾ ਵਿਚ ਵਿੱਦਿਆ ਸਿੱਖਿਆ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗਾ ਕਿ ਬਾਲ ਕਵਿਤਾ ਲਿੱਖਣ ਦਾ ਮੂਲ ਉਦੇਸ਼ ਹੀ ਸਿੱਖਿਆ ਨੂੰ ਬੱਚਿਆਂ ਤਕ ਸੰਚਾਰਿਤ ਕਰਨਾ ਹੁੰਦਾ ਹੈ ਜਾਂ ਇਹ ਕਹਿ ਲਵੋ ਕਿ ਬੱਚਿਆਂ ਨੂੰ ਪਰੋਖ ਰੂਪ ਵਿਚ ਸਿੱਖਿਆ ਵੱਲ ਅਗਰਸਰ ਕਰਨਾ ਹੁੰਦਾ ਹੈ। ਜਦੋਂ ਕਵੀ ਕਵਿਤਾ ਵਿਚ ਵਿੱਦਿਆ ਪ੍ਰਾਪਤ ਕਰਨ ਦੇ ਫਾਇਦੇ ਦਸ ਰਿਹਾ ਹੁੰਦਾ ਹੈ ਤਾਂ ਉਸਦਾ ਉਦੇਸ਼ ਬੱਚਿਆਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਨਾ ਹੁੰਦਾ ਹੈ। ਗੁਰਦਰ ਪਾਲ ਇਸ ਉਦੇਸ਼ ਨੂੰ ਪਰਿਪੂਰਨ ਕਰਨ ਲਈ ਥਾਂ ਥਾਂ ਤੇ ਯਤਨ ਕਰਦਾ ਦੇਖਿਆ ਜਾ ਸਕਦਾ ਹੈ। ਜਿਵੇਂ

ਦਿਲ ਦੀ ਗੱਲ ਕਹਿੰਦੀ ਵੇ

ਮੈਂ ਬੜੀਓ ਸੰਗਾਂ ਵੇ
ਇਕ ਵਿੱਦਿਆ ਮੰਗਦੀ ਵੇ
ਬਾਬਲ ਕੁਝ ਹੋਰ ਨਾ ਮੰਗਾਂ ਵੇ
ਇਹੀ ਵਿੱਦਿਆ ਜੀਵਨ ਦਾ
ਵੱਡਮੱੁਲਾ ਗਹਿਣਾ ਏ
ਇਹ ਚਾਨਣ ਬਣ ਕੇ ਵੇ
ਰਾਹੀਂ ਫੈਲਦਾ ਰਹਿਣਾ ਏ
ਜ਼ਿੰਦਗੀ ਰੰਗ ਜਾਏਗੀ
ਖੁਸ਼ੀਆਂ ਦੇ ਰੰਗਾਂ ਵੇ
ਇਕ ਵਿੱਦਿਆ…….13
*************
ਬੱਚਿਓ ਸੁਣੋ ਸੁਣੋ ਇਹ ਗੱਲ
ਸਭ ਨੂੰ ਨੇਕ ਬਣਾਵੇ ਵਿੱਦਿਆ
ਭੁੱਲੇ ਭਟਕੇ ਲਈ ਬਣ ਕੇ ਚਾਨਣ
ਸਹੀ ਮਾਰਗ ਤੇ ਪਾਵੇ ਵਿੱਦਿਆ 14
***************
ਅਸੀਂ ਭਾਰਤ ਮਾਂ ਦੇ ਬੱਚੇ ਹਾਂ
ਅਸਾਂ ਪੜ੍ਹਨ ਸਕੂਲੇ ਜਾਣਾ ਹੈ
ਹੋਰ ਸਾਰੀਆਂ ਗੱਲਾਂ ਛੱਡ ਕੇ
ਵਿੱਦਿਆ ਦਾ ਚਾਨਣ ਪਾਣਾ ਹੈ 15

ਕਲਾਤਮਕ ਤੌਰ ਤੋਂ ਵੀ ਗੁਰਦਰ ਪਾਲ ਦੀ ਕਵਿਤਾ ਵਿਚ ਕਈ ਗੁਣ ਦੇਖੇ ਜਾ ਸਕਦੇ ਹਨ। ਜਿਨ੍ਹਾਂ ਵਿਚੋਂ ਬਿਰਤਾਂਤਕ ਕਵਿਤਾ ਦੀ ਗੱਲ ਕਰਨਾ ਬਹੁਤ ਜ਼ਰੂਰੀ ਹੈ। ਗੁਰਦਰ ਪਾਲ ਬਿਰਤਾਂਤਕ ਕਵਿਤਾ ਵੱਲ ਵੀ ਕਾਫੀ ਰੁਚਿਤ ਹੈ। ਉਹ ਜਾਣਦਾ ਹੈ ਕਿ ਬਿਰਤਾਂਤਕ ਕਵਿਤਾ ਵਿਚ ਇਕ ਵਿਸ਼ੇਸ਼ ਖਿੱਚ ਹੁੰਦੀ ਹੈ। ਬਿਰਤਾਂਤਕ ਕਵਿਤਾ ਬੱਚਿਆਂ ਦਾ ਧਿਆਨ ਖਿੱਚਣ ਵਿਚ ਰਾਮ ਬਾਣ ਸਾਬਿਤ ਹੁੰਦੀ ਹੈ। ਕਿਉਂਕਿ ਕਹਾਣੀ ਨਾਲ ਬੱਚਿਆ ਦਾ ਵਿਸ਼ੇਸ਼ ਪਿਆਰ ਹੁੰਦਾ ਹੈ ਇਸ ਲਈ ਗੁਰਦਰ ਪਾਲ ਕਹਾਣੀ ਨੂੰ ਕਵਿਤਾ ਵਿਚ ਲਪੇਟ ਕੇ ਪੇਸ਼ ਕਰਦਾ ਹੈ। ਜਿਸ ਦੇ ਨਮੂਨੇ 'ਪਿਆਸਾ ਕਾਂ' ਅਤੇ 'ਚੂਹੇ ਨੇ ਜਾਨ ਬਚਾਈ' ਕਵਿਤਾ ਵਿਚ ਦੇਖੇ ਜਾ ਸਕਦੇ ਹਨ।

ਇਕ ਪਿਆਸਾ ਕਾਂ ਥਾਂ ਥਾਂ ਭਟਕੇ
ਪਾਣੀ ਲੱਭਦਾ ਸਮੁੰਦਰ ਤੇ ਮਟਕੇ 16
*************
ਚੂਹਾ ਕਹਿੰਦਾ ਭੋਜਨ ਖਾਣਾ
ਅਨਾਜ਼ ਦਾ ਲੱਭੇ ਕੋਈ ਨਾ ਦਾਣਾ 17

ਗੁਰਦਰ ਪਾਲ ਆਪਣੀ ਬਾਲ ਕਵਿਤਾ ਵਿਚ ਕੁਝ ਨਵੇਂ ਪ੍ਰਯੋਗ ਕਰਨ ਦੀ ਇੱਛਾ ਵੀ ਰੱਖਦਾ ਹੈ। ਜਿਵੇਂ ਉਸ ਨੇ 'ਅੱਖਰਾਂ ਦੀ ਫੁੱਲਕਾਰੀ' ਵਿਚ ਇਕ ਖੁੱਲ੍ਹੀ ਕਵਿਤਾ ਵੀ ਲਿੱਖੀ ਹੈ। ਇਹ ਬਿਲਕੁਲ ਸਾਫ ਹੈ ਕਿ ਬਾਲ ਕਾਵਿ ਵਿਚ ਖੁੱਲ੍ਹੀ ਕਵਿਤਾ ਲਿਖਣਾ ਵਧੇਰੇ ਪ੍ਰਚਲਿਤ ਨਹੀਂ ਹੈ, ਕਿਉਂਕਿ ਬਾਲ ਕਾਵਿ ਵਿਸ਼ੇਸ਼ ਰਵਾਨਗੀ ਅਤੇ ਸੰਗੀਤਕ ਛੂਹ ਦੀ ਮੰਗ ਕਰਦਾ ਹੈ ਅਤੇ ਖੁੱਲ੍ਹੀ ਕਵਿਤਾ ਇਨ੍ਹਾਂ ਦੋਹਾਂ ਮਾਪਦੰਡਾਂ ਤੇ ਖਰੀ ਨਹੀਂ ਉਤਰਦੀ। ਪਰ ਗੁਰਦਰ ਪਾਲ ਫੇਰ ਵੀ ਆਪਣੀ ਪੁਸਤਕ ਵਿੱਚ ਇਕ ਖੁੱਲ੍ਹੀ ਕਵਿਤਾ ਪਾ ਕੇ ਇਕ ਨਵਾਂ ਪ੍ਰਯੋਗ ਕਰਨ ਦੀ ਕੋਸ਼ਿਸ਼ ਕਰਦਾ ਹੈ। ਨਿਰਸੰਦੇਹ ਇਹ ਕਵਿਤਾ ਬੜੀ ਪਿਆਰੀ ਅਤੇ ਬੱਚਿਆਂ ਦੇ ਮਿਆਰ ਦੀ ਕਵਿਤਾ ਹੈ। ਪਰ ਇਹ ਕਵਿਤਾ ਕੁਝ ਹੱਦ ਤਕ ਬਾਲ ਸਾਹਿਤ ਦੇ ਮਾਪਦੰਡਾਂ ਦਾ ਵਿਖੰਡਨ ਕਰਦੀ ਪ੍ਰਤੀਤ ਹੁੰਦੀ ਹੈ। ਕਵਿਤਾ ਦਾ ਨਮੂਨਾ ਹਾਜ਼ਿਰ

ਹੈ

ਜਦੋਂ ਮੈ ਇਕ
ਛੋਟਾ ਜਿਹਾ ਬੱਚਾ ਸਾਂ
ਰੋਂਦਾ ਕੁਰਲਾਂਦਾ ਹਟਕੋਰੇ ਭਰਦਾ
ਢਿੱਡ ਦੀ ਭੁੱਖ ਮਿਟਾਵਣ ਖਾਤਿਰ
ਆਪਣੀ ਮਾਂ ਦੀ
ਕਹਿਣੀ ਤੇ ਜਿਉਂਦਾ
ਜ਼ਿੰਦਗੀ ਦਾ ਇਕ
ਨਿੱਕਾ ਜਿਹਾ
ਸਫਰ ਤਹਿ ਕਰ ਰਿਹਾ ਹਾਂ 18

ਇਹ ਕਵਿਤਾ ਪੂਰਨ ਰੂਪ ਵਿਚ ਇਕ ਖੁੱਲ੍ਹੀ ਕਵਿਤਾ ਹੈ । ਇਸ ਤਰ੍ਹਾਂ ਦੀਆਂ ਕਵਿਤਾਵਾਂ ਦਾ ਪ੍ਰਚਲਨ ਬਾਲ ਕਾਵਿ ਖੇਤਰ ਵਿਚ ਬਹੁਤ ਘੱਟ ਹੈ ਕਿਉਂਕਿ ਬੱਚੇ ਕਵਿਤਾ ਨੂੰ ਗਾ ਕੇ ਯਾਦ ਕਰਦੇ ਹਨ। ਪਰ ਖੁੱਲ੍ਹੀ ਕਵਿਤਾ ਨੂੰ ਗਾਉਣਾ ਸੰਭਵ ਨਹੀਂ ਹੁੰਦਾ। ਇਸ ਲਈ ਬਾਲ ਕਵਿਤਾ ਦੀ ਕਿਤਾਬ ਵਿੱਚ ਖੁੱਲ੍ਹੀ ਕਵਿਤਾ ਲਿਖ ਕੇ ਗੁਰਦਰ ਪਾਲ ਇਕ ਨਵਾਂ ਪ੍ਰਯੋਗ ਕਰਨ ਦੀ ਕੋਸ਼ਿਸ਼ ਕਰਦਾ ਹੈ।

ਗੁਰਦਰ ਪਾਲ ਦੀ ਕਵਿਤਾ ਨੂੰ ਬਾਲ ਕਾਵਿ ਨਿਯਮਾਵਲੀ ਦੇ ਆਧਾਰ ਤੇ ਪਰਖਦਿਆਂ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਉਹ ਕਵਿਤਾ ਲਿੱਖਣ ਵੇਲੇ ਕਈ ਥਾਵਾਂ ਤੇ ਰਵਾਨਗੀ ਵੱਲ ਵੀ ਘੱਟ ਧਿਆਨ ਦਿੰਦਾ ਹੈ। ਇਸ ਨੂੰ ਸ਼ਾਇਰ ਦੀ ਸਭ ਤੋਂ ਵੱਡੀ ਕਮਜ਼ੋਰੀ ਵਜੋਂ ਵਿਚਾਰਿਆ ਜਾ ਸਕਦਾ ਹੈ। ਇਸ ਨੁਕਤੇ ਤੋਂ ਕੇਵਲ ਗੁਰਦਰ ਪਾਲ ਦੀ ਕਵਿਤਾ ਨੂੰ ਹੀ ਨਹੀਂ ਸਗੋਂ ਸਮੁੱਚੀ ਪੰਜਾਬੀ ਬਾਲ ਕਵਿਤਾ ਨੂੰ ਹੀ ਨਕਾਰਾਤਮਕ ਦ੍ਰਿਸ਼ਟੀ ਤੋਂ ਦੇਖਿਆ ਜਾ ਰਿਹਾ ਹੈ। ਇਹ ਆਮ ਹੈ ਕਿ ਬਾਲ ਕਵਿਤਾ ਨੂੰ ਮਹਿਜ਼ ਬੱਚਿਆਂ ਦੀ ਕਵਿਤਾ ਸਮਝ ਕੇ ਉਸ ਤੇ ਜ਼ਿਆਦਾ ਮਿਹਨਤ ਕਰਨ ਦੀ ਲੋੜ ਨਹੀਂ ਸਮਝੀ ਜਾਂਦੀ। ਜਦਕਿ ਗੱਲ ਬਿਲਕੁਲ ਇਸ ਦੇ ਉਲਟ ਹੈ ਕਿਉਂਕਿ ਬੱਚਿਆਂ ਦੀਆਂ ਕਵਿਤਾਵਾਂ ਆਮ ਕਵਿਤਾਵਾਂ ਤੋਂ ਜ਼ਿਆਦਾ ਮਿਹਨਤ ਮੰਗਦੀਆਂ ਹਨ। ਇਸ ਪੱਖੋਂ ਗੁਰਦਰ ਪਾਲ ਵੀ ਕੁਝ ਸੁਸਤ ਨਜ਼ਰ ਆਉਂਦਾ ਹੈ। ਇਸ ਤੋਂ ਇਲਾਵਾ ਬਾਕੀ ਹਰ ਪਹਿਲੂ ਤੇ ਉਸਦੀ ਕਵਿਤਾ ਬਿਲਕੁਲ ਖਰੀ ਉਤਰਦੀ ਹੈ। ਅਸੀਂ ਉਮੀਦ ਕਰਦੇ ਹਾਂ ਕਿ ਗੁਰਦਰ ਪਾਲ ਦੀ ਅਗਲੀ ਪੁਸਤਕ ਰਵਾਨਗੀ ਅਤੇ ਛੰਦ ਪੱਖੋਂ ਵੀ ਨਵੇਂ ਆਯਾਮ ਸਥਾਪਿਤ ਕਰੇਗੀ। ਅੰਤ ਅਸੀਂ ਕਹਿ ਸਕਦੇ ਹਾਂ ਕਿ ਗੁਰਦਰ ਪਾਲ ਦਾ ਬਾਲ ਕਾਵਿ ਸੰਗ੍ਰਹਿ 'ਅੱਖਰਾਂ ਦੀ ਫੁੱਲਕਾਰੀ' ਰੰਗ ਬਿਰੰਗੇ ਵਿ਼ਿਸ਼ਆਂ ਨਾਲ ਲਬਰੇਜ਼ ਹੈ। ਉਸਦੀਆਂ ਕਵਿਤਾਵਾਂ ਰੰਗ ਬਿਰੰਗੇ ਫੁੱਲਾਂ ਦੀ ਤਰ੍ਹਾਂ ਹਨ ਅਤੇ ਪੁਸਤਕ 'ਅੱਖਰਾਂ ਦੀ ਫੁੱਲਕਾਰੀ' ਰੰਗ ਬਿਰੰਗੇ ਫੁੱਲਾਂ ਦੀ ਕਿਆਰੀ ਦੀ ਤਰ੍ਹਾਂ ਹੈ। ਅਸੀਂ ਆਸ ਕਰਦੇ ਹਾਂ ਕਿ ਗੁਰਦਰ ਪਾਲ ਭਵਿੱਖ ਵਿਚ ਹਰਿਆਣਾ ਦੇ ਪੰਜਾਬੀ ਬਾਲ ਸਾਹਿਤ ਦੇ ਮਿਆਰ ਨੂੰ ਹੋਰ ਬੁਲੰਦੀ ਤੇ ਲੈ ਕੇ ਜਾਵੇਗਾ

ਦੇਵਿੰਦਰ ਬੀਬੀਪੁਰੀਆ
ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

**ਹਵਾਲੇ ਅਤੇ ਟਿੱਪਣੀਆਂ**

ਗੁਰਦਰ ਪਾਲ ਸਿੰਘ, ਅੱਖਰਾਂ ਦੀ ਫੁੱਲਕਾਰੀ, ਪੰਨਾ-14

1. ਉਹੀ, ਪੰਨਾ-24
2. ਉਹੀ, ਪੰਨਾ-14
3. ਉਹੀ, ਪੰਨਾ-14
4. ਉਹੀ, ਪੰਨਾ-33
5. ਉਹੀ, ਪੰਨਾ-34
6. ਉਹੀ, ਪੰਨਾ-27
7. ਉਹੀ, ਪੰਨਾ-19
8. ਉਹੀ, ਪੰਨਾ-42
9. ਉਹੀ, ਪੰਨਾ-54
10. ਉਹੀ, ਪੰਨਾ-48
11. ਉਹੀ, ਪੰਨਾ-22
12. ਉਹੀ, ਪੰਨਾ-23
13. ਉਹੀ, ਪੰਨਾ-61
14. ਉਹੀ, ਪੰਨਾ-62
15. ਉਹੀ, ਪੰਨਾ-38
16. ਉਹੀ, ਪੰਨਾ-68

17. ਉਹੀ, ਪੰਨਾ-59